# INTERNATIONAL JUGNI

**International Jugni ਉੱਡੀ ਪੰਜਾਬ ਤੋ ॥**

ਵਿੱਹਲੀ ਹੋਈ ਕਮੀਜ ਤੇ ਸਲਵਾਰ ਤੋ ॥
ਮੁੱਖੜਾ ਤਾ ਪਹਿਲਾ ਹੀ ਸੋਹਣਾ ਸੀ ਫੁੱਲ ਗੁਲਾਬ ਤੋ ॥
ਪੈਂਟ-ਕਮੀਜ 'ਚ ਲੱਗੇ ਨਾ ਘੱਟ ਕਿਸੇ ਜਨਾਬ ਤੋ ॥
ਫਿਰ ਭੀ ਪਹਿਚਾਣੀ ਗਈ ਆਪਣੀ ਆਵਾਜ ਤੋ ॥

**International Jugni ਉੱਡੀ ਪੰਜਾਬ ਤੋ ॥**

ਵਿੱਹਲੀ ਹੋਈ ਮੱਕੀ ਦੀ ਰੋਟੀ ਤੇ ਸਰੋਂ ਦੇ ਸਾਗ ਤੋ ॥
ਖਾਂਦੀ ਹੁਣ ਪੀਜਾ ਬਣਿਆ ਪਪਰੋਨੀ ਤੇ ਕਬਾਬ ਤੋ ॥
ਗੰਦੀ smell ਨਾ ਆਉਦੀ ਹੁਣ ਉੱਸਨੂ ਸਰਾਬ ਤੋ ॥
Smoking ਨੂੰ ਫੈਸ਼ਨ ਸਮਝੇ, ਕੀ ਆਸ ਰੱਖਾ ਇਸ ਜਨਾਬ ਤੋ ॥

**International Jugni ਉੱਡੀ ਪੰਜਾਬ ਤੋ ॥**

ਵਿੱਹਲੀ ਹੋਈ Indian movies ਤੇ ਪੰਜਾਬੀ ਰਾਗ ਤੋ ॥
ਰੋਕੀ ਨਾ ਰੁਕੇ, night club ਜਾਣ ਤੋ ॥
ਦਿਲ ਦੇ ਚਾਅ ਪੂਰੇ ਕਰਦੀ, ਆਏ ਅਪਣੇ ਖਾਬ ਤੋ ॥

**International Jugni ਉੱਡੀ ਪੰਜਾਬ ਤੋ ॥**

ਵਿੱਹਲੀ ਹੋਈ ਪਾਣੀ ਗੰਗਾ ਤੇ ਝੰਨਾਬ ਤੋ ॥
Bikini ਪਾ ਕੇ ਬੀਚ ਤੇ ਤਰਦੀ,
ਸੋਹਣੀ ਲਗਦੀ, ਮੰਨ-ਮੋਹਣੀ ਲੱਗਦੀ,
ਵੇਲ-ਮਛਲੀ ਦੀ ਚਾਲ ਤੋ ॥
ਲੋਕੀ ਖੱੜ-ਖੱੜ ਦੇਖਣ, ਜੋ ਝੱਲਕ ਆਵੇ ਜਨਾਬ ਤੋ ॥

**International Jugni ਉੱਡੀ ਪੰਜਾਬ ਤੋ ॥**

ਵਿੱਹਲੀ ਹੋਈ ਪੀਘਾਂ ਦੇ ਝੂਟੇ ਤੇ ਤੀਆਂ ਦੇ ਰਾਗ ਤੋ ॥
ਲੱਕ ਹਿਲਾਵੇ, ਅੱਖ ਮਟਕਾਵੇ, ਤੇ ਖੁਸ਼ ਹੋਵੇ pop ਰਾਗ ਤੋ ॥
ਝੂਟੇ ਲੈਦੀ ਹੁਣ Limo ਤੇ, ਜਾਂ ਹਵਾਈ-ਜਹਾਜ ਤੋ ॥

**International Jugni ਉੱਡੀ ਪੰਜਾਬ ਤੋ ॥**

ਸਾਡੀ ਜੁਗਨੀ ਚਾਹੇ ਕੁਝ ਵੀ ਕਰਦੀਆ,
ਪਾਣੀ ਹਰ ਜੁਗਾ ਜਾ ਭੱਰਦੀਆ,
ਮੁਖ ਮੋੜਿਆ ਨਾ ਕਦੇ ਕਿਸੇ odd job ਤੋ ॥
Toronto, Surrey ਤੇ South Hall ਬਸਿਆ, ਇਸੇ ਜਨਾਬ ਤੋ ॥

**International Jugni ਉੱਡੀ ਪੰਜਾਬ ਤੋ ॥**

ਸਾਡੀ ਜੁਗਨੀ ਚਾਹੇ ਐਸ਼ ਕਿੰਨੀ ਮਰਜੀ ਕਰਦੀਆ,
ਪਰ ਫਿਰ ਭੀ 'Sarjinder' ਤੇ ਮਰਦੀਆ,
ਜੋ ਹੁਣੇ-ਹੁਣੇ ਆਇਆ ਪੰਜਾਬ ਤੋ ॥
Web-page: www.geocities.com/sarjinder
ਬਣਾਇਆ ਉਸ ਨੇ ਆਪਣੇ ਖਾਬ ਤੋ ॥

**International Jugni ਉੱਡੀ ਪੰਜਾਬ ਤੋ ॥**

Archived at: www.geocities.com/sarjinder
Written by: Dr. Sarjinder Singh, Assistant Professor, St. Cloud State University, MN 56301-4498, USA
Note: All opinions are of author's own.